pstcl
PUNJAB STATE TRANSMISSION CORPORATION LIMITED

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫਤਰ: ਪੀ.ਐਸ.ਈ.ਬੀ. ਹੈਡ ਆਫਿਸ, ਦੀ ਮਾਲ, ਪਟਿਆਲਾ-147001,ਪੰਜਾਬ, ਇੰਡੀਆ)
ਕਾਰਪੋਰੇਟ ਸ਼ਨਾਖਤੀ ਨੰਬਰ : U40109PB2010SGC033814)
(ਦਫ: ਨਿਗਰਾਨ ਇੰਜੀਨੀਅਰ/ਪ੍ਰਬੰਧਕੀ ਤੇ ਐਚ.ਆਰ., ਪੀ.ਐਸ.ਟੀ.ਸੀ.ਐਲ., ਪਟਿਆਲਾ)
(ਟੇਲੀਫੂਨ ਨੰ: 0175-2225907 - ਫੈਕਸ ਨੰ: 0175-2220054)

ਵੱਲ

ਰਜਿਸਟਰਡ

1) ਮੁੱਖ ਇੰਜੀਨੀਅਰ/ਟੀ.ਐਸ.,
ਪੀ.ਐਸ.ਟੀ.ਸੀ.ਐਲ.,ਪਟਿਆਲਾ।

2) ਮੁੱਖ ਇੰਜੀਨੀਅਰ/ਪੀ. ਤੇ ਐਮ.,
ਪੀ.ਐਸ.ਟੀ.ਸੀ.ਐਲ.,ਲੁਧਿਆਣਾ ।

ਮੀਮੋ ਨੰ: /ਸੀ.ਸੀ. 121 ਮਿਤੀ:

**ਵਿਸ਼ਾ:-** **ਸੀ.ਆਰ.ਏ.-01 ਅਤੇ 02 ਅਧੀਨ ਭਰਤੀ ਕੀਤੇ ਗਏ ਅਧਿਕਾਰੀਆਂ/ ਕਰਮਚਾਰੀਆਂ ਜਿਹਨਾਂ ਵਲੋਂ ਪਰਖ ਕਾਲ ਦੌਰਾਨ ਨੌਕਰੀ ਤੋਂ ਅਸਤੀਫਾ ਦਿੱਤਾ ਗਿਆ ਵਿਰੁੱਧ ਰਿਕਵਰੀ ਸੂਟਸ।।**

ਸੀ.ਆਰ.ਏ.-01 ਅਤੇ 02 ਅਧੀਨ ਭਰਤੀ ਕੀਤੇ ਗਏ ਅਧਿਕਾਰੀਆਂ/ਕਰਮਚਾਰੀਆਂ, ਜਿਹਨਾਂ ਵਲੋਂ ਪਰਖ ਕਾਲ ਦੌਰਾਨ ਨੌਕਰੀ ਤੋਂ ਅਸਤੀਫਾ ਦਿੱਤਾ ਗਿਆ ਅਤੇ ਹੋਰ ਸੰਸਥਾਵਾਂ ਵਿੱਚ ਜੁਆਇੰਨ ਕੀਤਾ ਗਿਆ, ਉਹਨਾਂ ਵਿਰੁੱਧ ਸ਼ਾਰਟੀ ਬਾਂਡ ਦੀ ਖੜ੍ਹੀ ਰਕਮ ਦੀ ਰਿਕਵਰੀ ਕਰਨ ਲਈ ਇਸ ਦਫਤਰ ਵੱਲੋ ਸਿਵਲ ਕੋਰਟ, ਪਟਿਆਲਾ ਵਿਖੇ ਰਿਕਵਰੀ ਸੂਟਸ ਦਾਇਰ ਕੀਤੇ ਗਏ ਹਨ, ਜਿਹਨਾਂ ਦੀ ਆਪ ਜੀ ਦੇ ਦਫਤਰ ਨਾਲ ਸਬੰਧਤ ਲਿਸਟਾਂ ਨਾਲ ਨੱਥੀ ਹਨ। ਰਿਕਵਰੀ ਦੀ ਰਕਮ ਵੱਖ-ਵੱਖ ਡੀ.ਡੀ.ਓਜ਼/ਸੀਨੀ.ਕਾ.ਕਾ.ਇੰਜੀਨੀਅਰਜ਼ ਨਾਲ ਸਬੰਧਤ ਹੈ, ਇਸ ਲਈ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਅਨੁਸਾਰ ਸਬੰਧਤ ਦਫਤਰਾਂ ਵੱਲੋ ਸੌਂਪੇ ਗਏ ਰਿਕਾਰਡ, ਜਿਸ ਵਿੱਚ ਪ੍ਰੀ-ਆਡਿਟਡ ਰਿਕਵਰੀ ਸ਼ੀਟਸ ਅਤੇ ਡਿਮਾਂਡ ਨੋਟਿਸ ਆਦਿ ਸ਼ਾਮਿਲ ਹਨ, ਅਨੁਸਾਰ ਰਿਕਵਰੀ ਸੂਟਸ ਦਾਇਰ ਕੀਤੇ ਗਏ ਹਨ। ਇਹ ਰਿਕਵਰੀ ਸੂਟਸ ਦਾਇਰ ਕਰਨ ਲਈ ਸਮਰੱਥ ਅਧਿਕਾਰੀ ਵੱਲੋ ਦਿੱਤੀ ਗਈ ਪ੍ਰਵਾਨਗੀ ਦੀ ਕਾਪੀ ਅਤੇ ਇਸ ਦਫਤਰ ਵੱਲੋ ਵੀ ਸਬੰਧਤ ਦਫਤਰਾਂ ਨੂੰ ਇਹ ਕੇਸ ਸਮੇਂ-ਸਮੇਂ ਸਿਰ ਸਿਵਲ ਕੋਰਟ, ਪਟਿਆਲਾ ਵਿਖੇ ਅਟੈਂਡ ਕਰਨ ਲਈ ਲਿਖਿਆ ਗਿਆ ਸੀ ਅਤੇ ਇਹ ਵੀ ਲਿਖਿਆ ਗਿਆ ਸੀ ਕਿ ਇਹਨਾਂ ਕੇਸਾਂ ਵਿੱਚ ਐਵੀਡੈਂਸ ਸਬੰਧਤ ਦਫਤਰਾਂ ਵੱਲੋ ਦਿੱਤਾ ਜਾਵੇਗਾ। ਪ੍ਰੰਤੂ ਕੁਝ ਸਬੰਧਤ ਦਫਤਰਾਂ ਵੱਲੋ ਇਹ ਕੇਸ ਅਟੈਂਡ ਨਹੀ ਕੀਤੇ ਜਾ ਰਹੇ ਜਿਸ ਕਾਰਨ ਇਹਨਾਂ ਕੇਸਾਂ ਵਿੱਚ ਕੋਰਟ ਵਿੱਚ ਲੋੜੀਂਦੇ ਦਸਤਾਵੇਜ਼ ਪੇਸ਼ ਨਹੀ ਕੀਤੇ ਜਾ ਰਹੇ ਅਤੇ ਨਾ ਹੀ ਸਬੰਧਤ ਦਫਤਰਾਂ ਵੱਲੋ ਐਵੀਡੈਂਸ ਪੇਸ਼ ਕੀਤਾ ਜਾ ਰਿਹਾ ਹੈ। ਇਸ ਕਾਰਨ ਕਿਸੇ ਪ੍ਰਕਾਰ ਦੀ ਦੇਰੀ ਲਈ ਇਹਨਾਂ ਕੇਸਾਂ ਵਿੱਚ ਕੋਰਟ ਵੱਲੋ ਪੈਨਲਟੀ ਲਗਾਈ ਜਾ ਸਕਦੀ ਹੈ ਅਤੇ ਪੀ.ਐਸ.ਟੀ.ਸੀ.ਐਲ. ਵਿਰੁੱਧ ਕੋਈ ਫੈਸਲਾ ਲਿਆ ਜਾ ਸਕਦਾ ਹੈ ।

ਇਸ ਤੋਂ ਇਲਾਵਾ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀ ਅਨਿਲ ਪੂਰੀ, ਐਡਵੋਕੇਟ ਨਾਲ ਹੋਈ ਗੱਲਬਾਤ ਅਨੁਸਾਰ ਪੀ.ਐਸ.ਟੀ.ਸੀ.ਐਲ. ਦਾ ਕੋਈ ਵੀ ਵਧੀਕ ਨਿਗ. ਇੰਜੀ:/ਸੀਨੀ.ਕਾ:ਕਾ:ਇੰਜੀ: ਜਾਂ ਇਸ ਤੋਂ ਉਪਰ ਅਹੁਦੇ ਦਾ ਅਧਿਕਾਰੀ ਐਵੀਡੈਂਸ ਪੇਸ਼ ਕਰਨ ਲਈ ਸਮਰੱਥ ਅਧਿਕਾਰੀ ਹੈ। ਪ੍ਰੰਤੂ ਸਬੰਧਤ ਵਧੀਕ ਨਿਗ. ਇੰਜੀਨੀਅਰ/ਸੀਨੀ. ਕਾ:ਕਾ:ਇੰਜੀਨੀਅਰ ਆਪਣੇ ਅਧੀਨ ਕਿਸੇ ਹੋਰ ਅਧਿਕਾਰੀ ਨੂੰ ਵੀ ਐਵੀਡੈਂਸ ਪੇਸ਼ ਕਰਨ ਲਈ ਅਧਿਕਾਰਿਤ (Authorize) ਕਰ ਸਕਦਾ ਹੈ। ਇਸ ਸਬੰਧ ਵਿੱਚ ਹੋਰ ਜਾਣਕਾਰੀ ਲਈ ਕਾਰਪੋਰੇਸ਼ਨ ਕੌਂਸਲ, ਸ਼੍ਰੀ ਅਨਿਲ ਪੁਰੀ (99880-05582) ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

ਉਪਰੋਕਤ ਨੂੰ ਮੁੱਖ ਰਖਦੇ ਹੋਏ ਬੇਨਤੀ ਹੈ ਕਿ ਆਪ ਜੀ ਦੇ ਅਧੀਨ ਦਫਤਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਪਰੋਕਤ ਕੇਸਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਇਹਨਾਂ ਦੀ ਪੇਸ਼ੀ ਨੂੰ ਜਿੰਮੇਵਾਰ ਅਧਿਕਾਰੀ/ਕਰਮਚਾਰੀ ਰਾਹੀਂ ਅਟੈਂਡ ਕੀਤਾ ਜਾਵੇ ਅਤੇ ਸਮੇਂ ਸਿਰ ਐਵੀਡੈਂਸ ਪੇਸ਼ ਕੀਤਾ ਜਾਵੇ ਤਾਂ ਜੋ ਪੀ.ਐਸ.ਟੀ.ਸੀ.ਐਲ. ਦਾ ਹਿੱਤ ਵਾਚਿਆ ਜਾ ਸਕੇ। ਇਸ ਸਬੰਧ ਵਿੱਚ ਕਿਸੇ ਪ੍ਰਕਾਰ ਦੀ ਅਣਗਹਿਲੀ ਲਈ ਸਬੰਧਤ ਦਫਤਰ ਜਿੰਮੇਵਾਰ ਹੋਣਗੇ ।

ਨੱਥੀ/ਉਪਰੋਕਤ ਅਨੁਸਾਰ

ਨਿਗਰਾਨ ਇੰਜੀਨੀਅਰ/ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ.,ਪਟਿਆਲਾ।

ਪੰਨਾ ਪਰਤੋਂ ਜੀ....

Scanned by CamScanner